ਬੱਚਿਆਂ ਲਈ ਬਾਈਬਲ

ਉਪੱਸਥਿਤ

# ਯਿਸੂ ਇੱਕ ਮਹਾਨ ਅਧਿਆਪਕ



ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Byron Unger; Lazarus

ਦੁਆਰਾ ਬਦਲਿਆ ਗਿਆ : E. Frischbutter; Sarah S.

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

Alastair Paterson

ਦੁਆਰਾ ਬਣਾਇਆ ਗਿਆ : Bible for Children
www.M1914.org

©2020 Bible for Children, Inc.
ਆਗਿਆ ਦੇਣੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।



ਯਿਸੂ ਇੱਕ ਮਹਾਨ
ਅਧਿਆਪਕ ਸੀ - ਹਮੇਸ਼ਾਂ
ਲਈ ਵਧੀਆ। ਭੀੜ ਨੇ ਉਸਨੂੰ ਸੁਣਿਆ। ਯਿਸੂ
ਨੇ ਉਹਨਾਂ ਨੂੰ ਦਿਆਲੂ, ਚੰਗੇ ਅਤੇ ਕਿਰਪਾਲੂ ਹੋਣ ਲਈ
ਆਖਿਆ। ਸ਼ਾਇਦ ਬਾਕੀ ਉਹਨਾਂ ਤੋਂ ਨਫ਼ਰਤ ਕਰਨ
ਅਤੇ ਦੁੱਖ ਪਹੁੰਚਾਉਣ, ਪਰ ਪਰਮੇਸ਼ਵਰ
ਉਹਨਾਂ ਦਾ ਧਿਆਨ ਰੱਖੇਗਾ।



ਯਿਸੂ ਨੇ ਉਹਨਾਂ ਨੂੰ ਬਹੁਤ ਕੁਝ ਸਿਖਾਇਆ। ਜਿਸ ਤ੍ਰਾਂ ਮੋਮਬੱਤੀ ਘਰ ਵਿੱਚ ਚਾਨਣ ਦੇਂਦੀ ਹੈ ਉਸੇ ਤ੍ਰਾਂ ਪਰਮੇਸ਼ਵਰ ਦੇ ਲੋਕ ਦੁਨੀਆਂ ਵਿੱਚ ਚਾਨਣ ਦਿੰਦੇ ਹਨ। ਇੱਕ ਹਨੇਰੇ ਕਮਰੇ ਵਿੱਚ ਮੋਮਬੱਤੀ ਕੀ ਪਰਿਵਰਤਨ ਲਿਆਂਉਦੀ ਹੈ!

ਬਦਲੇ ਵਿੱਚ ਵਿਸ਼ਵਾਸ਼ ਰੱਖਣ ਵਾਲੇ ਲੋਕਾਂ ਨਾਲ ਯਿਸੂ ਨੇ ਗੱਲ ਕੀਤੀ, "ਅੱਖ ਦੇ ਬਦਲੇ ਅੱਖ, ਦੰਦ ਦੇ ਬਦਲੇ ਦੰਦ।" ਪਰ ਯਿਸੂ ਨੇ ਆਪਣੇ ਦੁਸ਼ਮਣਾ ਲਈ ਵੀ ਮਾਫੀ, ਦਿਆਲਗੀ ਅਤੇ ਪਿਆਰ ਸਿਖਾਇਆ।




ਯਿਸੂ ਦੇ ਦਿਨਾਂ ਵਿੱਚ, ਕੁਝ ਲੋਕ ਆਪਣੇ ਆਪ
ਨੂੰ ਬਹੁਤ ਪਵਿੱਤਰ ਵਿਖਾਉਂਦੇ ਸਨ। ਜਦ ਉਹ
ਭਿਖਾਰੀਆਂ ਨੂੰ ਰੁਪਏ ਦਿੰਦੇ, ਉਹਨਾਂ ਕੋਲ ਮਨੁੱਖ
ਸਨ ਜਿਹੜੇ ਤੁਰਹੀ ਵਜਾਉਂਦੇ ਜੋ ਸਾਰੇ ਲੋਕ
ਉਹਨਾਂ ਨੂੰ ਵੇਖਣ। “ਅਪਣਾ ਦਾਨ ਗੁਪਤ ਵਿੱਚ
ਦਿਉ, ਅਤੇ ਪਰਮੇਸ਼ਵਰ ਤੁਹਾਨੂੰ ਇਨਾਮ
ਦੇਵੇਗਾ,” ਯਿਸੂ ਨੇ ਆਖਿਆ।

ਯਿਸੂ ਨੇ ਉਵੇ ਹੀ ਪ੍ਰਾਥਨਾ ਲਈ ਵੀ ਸਿਖਾਇਆ। ਕੁਝ ਲੋਕ ਭੀੜ ਵਾਲੀਆ ਗਲੀਆਂ ਦੀਆਂ ਨੁੱਕਰਾਂ ਵਿੱਚ ਪ੍ਰਾਥਨਾਂ ਕਰਦੇ ਹਨ ਤਾਂ ਜੋ ਸਾਰੇ ਉਹਨਾਂ ਨੂੰ ਵੇਖ ਸਕਣ ਅਤੇ ਸੁਣ ਸਕਣ। ਉਹ ਪਰਮੇਸ਼ਵਰ ਦੀ ਪਰਵਾਹ ਨਹੀਂ ਕਰਦੇ। ਉਹ ਪਰਵਾਹ ਕਰਦੇ ਹਨ ਜੋ ਬਾਕੀ ਉਹਨਾਂ ਬਾਰੇ ਕੀ ਸੋਚਦੇ ਹਨ।ਯਿਸੂ ਨੇ ਉਹਨਾਂ ਨੂੰ ਪਖ਼ੰਡੀ- ਝੂਠੇ ਹੀਰੋ ਆਖਿਆ ਹੈ।



ਜਿਆਦਾਤਰ ਯਿਸੂ ਆਪਣੀਆਂ ਸਿੱਖਿਆਵਾਂ ਨੂੰ ਸਮਝਾਉਣ ਲਈ ਕੁਦਰਤੀ ਉਦਾਹਰਣਾ ਦਿੰਦੇ ਸਨ। ਉਦਾਹਰਣ ਵਜੋਂ ਉਸਨੇ ਪੰਛੀਆਂ ਨੂੰ ਚੁਣਿਆ। "ਤੁਹਾਡਾ ਸਵਰਗੀ ਪਿਤਾ ਉਹਨਾਂ ਨੂੰ ਰਜਾਉਂਦਾ ਹੈ," ਉਸਨੇ ਆਖਿਆ। "ਘਬਰਾਓ ਨਹੀ। ਪਰਮੇਸ਼ਵਰ ਤੁਹਾਨੂੰ ਵੀ ਰਜਾਵੇਗਾ।"



“ਇੱਥੋਂ ਤੱਕ ਅਮੀਰ ਬਾਦਸ਼ਾਹ ਸੁਲੇਮਾਨ ਨੇ ਵੀ ਲਿਲੀ ਦੇ ਵਰਗੇ ਕੱਪੜੇ ਨਹੀ ਪਾਏ ਸਨ,” ਯਿਸੂ ਬੋਲਦਾ ਰਿਹਾ। “ਜੇਕਰ ਯਿਸੂ ਧਰਤੀ ਦੇ ਘਾਹ ਦੀਆਂ ਲੋੜਾਂ ਪੂਰੀਆਂ ਕਰ ਸਕਦਾ ਹੈ, ਤੇ ਤੁਹਾਡੀਆਂ ਲੋੜਾਂ ਉਹ ਨਾ ਪੂਰੀਆਂ ਕਰੇਗਾ?”



ਯਿਸੂ ਲੋਕਾਂ ਨੂੰ ਪਰਮੇਸ਼ਵਰ ਤੇ ਵਿਸ਼ਵਾਸ਼ ਕਰਨਾ ਸਿਖਾ ਰਿਹਾ ਸੀ ਜਿਹੜਾ
ਸਾਡੀਆਂ ਸਾਰੀਆਂ ਲੋੜਾਂ ਪੂਰੀਆਂ ਕਰਦਾ ਹੈ।



ਯਿਸੂ ਨੇ ਆਖਿਆ, "ਜੇਕਰ ਤੂੰ ਆਪਣੇ ਭਰਾ ਨੂੰ ਪਾਪੀ ਕਹਿੰਦਾਂ ਹੈ, ਇਸ ਦਾ ਮਤਲਬ ਕੇ ਤੂੰ ਆਪਣੇ ਭਰਾ ਦੀ ਅੱਖ ਦਾ ਲੱਠਾ ਵੇਖ ਰਿਹਾਂ ਹੈ ਜਦ ਕਿ ਤੇਰੀ ਆਪਣੀ ਅੱਖ ਵਿੱਚ ਵੱਡਾ ਲੱਠਾ ਹੈ।" ਸ਼ਾਇਦ ਲੋਕ ਹੱਸੇ ਹੋਣੇ। ਪਰ ਉਹਨਾਂ ਨੂੰ ਉਸ ਦਾ ਮਤਲਬ ਵੇਖਣਾਂ ਹੋਵੇਗਾ।





ਯਿਸੂ ਨੇ ਆਖਿਆ
ਲੋਕਾਂ ਨੂੰ ਪਰਮੇਸ਼ਵਰ
ਦੀ ਮਦਦ ਲਈ ਕਹਿਣਾ
ਚਾਹੀਦਾ ਹੈ। ਕੀ ਤੁਹਾਡਾ
ਦੁਨਿਆਵੀ ਪਿਤਾ ਪੁੱਤਰ
ਦੇ ਰੋਟੀ ਮੰਗਣ ਤੇ ਉਸਨੂੰ
ਪੱਥਰ ਦਿੰਦਾ ਹੈ? ਨਹੀ!
ਉਹ ਚੰਗੀਆਂ ਚੀਜਾਂ ਦਿੰਦਾਂ
ਹੈ। ਜਿਹੜੇ ਪਰਮੇਸ਼ਵਰ
ਤੋਂ ਮੰਗਦੇ ਹਨ ਉਹ ਵੀ
ਉਹਨਾਂ ਨੂੰ ਚੰਗੀਆਂ
ਚੀਜਾਂ ਦਿੰਦਾ ਹੈ।

ਯਿਸੂ, ਮਹਾਨ ਅਧਿਆਪਕ ਨੇ, ਝੂਠੇ ਸਿਖਾਉਣ ਵਾਲਿਆਂ ਬਾਰੇ ਚੇਤਾਵਨੀ ਦਿੱਤੀ ਹੈ। "ਉਹ ਭੇਡਾਂ ਦੀ ਖੱਲ ਪਹਿਨਦੇ ਹਨ," ਯਿਸੂ ਨੇ ਆਖਿਆ। "ਪਰ ਅੰਦਰੋ ਭੇੜੀਏ ਹਨ!" ਉਸ ਨੇ ਆਖਿਆ ਕੀ ਝੂਠੇ ਸਿਖਾਉਣ ਵਾਲੇ ਆਪਣੇ ਜੀਵਨ ਤੋਂ ਹੀ ਪਛਾਣੇ ਜਾਂਦੇ ਹਨ।




ਇੱਕ ਕਹਾਣੀ ਵਿੱਚ ਉਸਨੇ ਕਿਹਾ, ਯਿਸੂ ਨੇ ਦਿਖਾਇਆ ਕੀ ਜੋ ਲੋਕ
ਪਰਮੇਸ਼ਵਰ ਦੇ ਵਚਨ ਦੀ ਪਾਲਣਾ ਕਰਦੇ ਹਨ ਉਹ ਉਸ ਮਨੁੱਖ ਦੇ ਵਰਗੇ
ਹਨ ਜਿਸ ਨੇ ਆਪਣਾ ਘਰ ਚਟਾਨ
ਤੇ ਬਣਾਇਆ। ਭਿਆਨਕ ਤੂਫ਼ਾਨ
ਉੱਠੇ। ਜਦ ਉਹ ਖ਼ਤਮ ਹੋ
ਗਏ, ਘਰ ਉੱਥੇ ਹੀ ਸੀ।

ਪਰ ਮੂਰਖ਼ ਇਨਸਾਨ ਨੇਂ ਆਪਣਾ ਘਰ ਰੇਤ ਉੱਤੇ ਬਣਾਇਆ। ਜਦ ਤੂਫਾਨ ਉਸ ਦੇ ਵਿਰੁੱਧ ਟਕਰਾਉਣਗੇ, ਉਹ ਗਿਰ ਜਾਵੇਗਾ ਕਿਉਂਕਿ ਉਸਦੀ ਨੀਂਹ ਕਮਜੋਰ ਹੈ। ਯਿਸੂ ਨੇਂ ਲੋਕਾਂ ਨੂੰ ਕਿਹਾ ਜਿਹੜਾ ਪਰਮੇਸ਼ਵਰ ਦੇ ਵਚਨਾਂ ਦੀ ਪਾਲਣਾ ਨਹੀਂ ਕਰਦਾ ਉਹ ਉਸ ਮਨੁੱਖ ਵਰਗਾ ਹੈ।



ਭੀੜ ਯਿਸੂ ਦੇ ਸ਼ਬਦਾਂ ਤੋਂ ਹੈਰਾਨ ਸੀਂ। ਉਹਨਾਂ ਨੇਂ ਇਹ ਸਭ ਕੁਝ ਪਹਿਲਾਂ ਨਹੀਂ ਸੁਣਿਆ ਸੀਂ। ਹੁਣ ਉਹ ਜਾਣ ਗਏ ਸੀਂ ਕੀ ਪਰਮੇਸ਼ਵਰ ਦੇ ਵਚਨ ਨੂੰ ਸੁਣਨਾ ਹੀ ਕਾਫੀ ਨਹੀਂ ਹੈ। ਉਹਨਾਂ ਨੂੰ ਹਰ ਰੋਜ਼ ਉਸ ਦੀ ਪਾਲਣਾ ਵੀ ਜ਼ਰੂਰ ਕਰਨੀ ਚਾਹੀਦੀ ਹੈ।



# ਯਿਸੂ ਇੱਕ ਮਹਾਨ ਅਧਿਆਪਕ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹ

ਮੱਤੀ ਦੀ ਇੰਜੀਲ 5-7, ਲੂਕਾ ਦੀ ਇੰਜੀਲ 6

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੋਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜ਼ਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸ਼ਜਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜ਼ੀਲ 3:16